ਜਮਾਤ- ਛੇਵੀਂ

ਵਿਸ਼ਾ ਪੰਜਾਬੀ

## ਸਮਾਨਾਰਥਕ ਸ਼ਬਦ

### ਸਮਾਨਾਰਥਕ ਸ਼ਬਦ ਦੀ ਪਰਿਭਾਸ਼ਾ :-

' **ਸਮਾਨਾਰਥਕ** ' ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ : **ਸਮਾਨ + ਅਰਥਕ**। ਸਮਾਨ ਤੋਂ ਭਾਵ ਹੈ : ਇੱਕੋ ਜਿਹਾ ਅਤੇ ਅਰਥਕ ਤੋਂ ਭਾਵ ਹੈ : ਅਰਥ ਵਾਲਾ ।

ਉਹ ਸ਼ਬਦ ਜੋ ਵੱਖ- ਵੱਖ ਹੁੰਦੇ ਹੋਏ ਵੀ ਇੱਕ ਹੀ ਅਰਥ ਪ੍ਰਗਟ ਕਰਦੇ ਹਨ, ਉਹ **ਸਾਮਾਨਾਰਥਕ ਸ਼ਬਦ** ਅਖਵਾਉਂਦੇ ਹਨ, ਜਿਵੇਂ :- **ਸ਼ਲਾਘਾ ,ਪ੍ਰਸ਼ੰਸਾ, ਉਪਮਾ** ਅਤੇ **ਉਸਤਤ** ਅਲੱਗ - ਅਲੱਗ ਸ਼ਬਦ ਹਨ ਪ੍ਰੰਤੂ ਇਨ੍ਹਾਂ ਦੇ ਅਰਥ ਸਮਾਨ ਹਨ ।

| | | | |
|---|---|---|---|
| ਉਸਤਤ : - | ਸ਼ਲਾਘਾ, | ਉਪਮਾ , | ਪ੍ਰਸ਼ੰਸਾ |
| ਉਸਤਾਦ :- | ਅਧਿਆਪਕ, | ਸਿੱਖਿਅਕ, | ਗੁਰੂ |
| ਉਚਿਤ :- | ਠੀਕ , | ਯੋਗ, | ਢੁੱਕਵਾਂ |
| ਉਜੱਡ :- | ਅੱਖੜ , | ਗਵਾਰ, | ਮੂਰਖ |
| ਉੱਜਲ :- | ਸਾਫ਼ , | ਨਿਰਮਲ, | ਸਵੱਛ |
| ਉਜਾਲਾ :- | ਚਾਨਣ , | ਪ੍ਰਕਾਸ਼ , | ਰੋਸ਼ਨੀ |
| ਉੱਤਮ :- | ਚੰਗਾ, | ਸ੍ਰੇਸ਼ਟ , | ਵਧੀਆ |
| ਉੱਦਮ :- | ਉਪਰਾਲਾ, | ਜਤਨ, | ਕੋਸ਼ਸ਼ |

| | | | |
|---|---|---|---|
| ਉਦਾਸ :- | ਫ਼ਿਕਰਮੰਦ , | ਚਿੰਤਾਤਰ, | ਉਪਰਾਮ |
| ਉਪਕਾਰ :- | ਮਿਹਰਬਾਨੀ , | ਨੇਕੀ, | ਭਲਾਈ |
| ਉਪਯੋਗ :- | ਵਰਤੋਂ, | ਲਾਭ, | ਇਸਤੇਮਾਲ |
| ਉਮੰਗ :- | ਉਤਸ਼ਾਹ, | ਚਾਅ, | ਇੱਛਾ |
| ਉਲਟਾ :- | ਪੁੱਠਾ, | ਵਿਰੁੱਧ , | ਮੁਧਾ |
| ਊਣਾ :- | ਅਪੂਰਨ , | ਅਧੂਰਾ, | ਹੋਛਾ |
| ਓਪਰਾ :- | ਬੇਗਾਨਾ, | ਪਰਾਇਆ , | ਗ਼ੈਰ |
| ਓੜਕ :- | ਅਖੀਰ, | ਅੰਤ , | ਛੇਕੜ |
| ਅਕਲ :- | ਸਮਝ, | ਮੱਤ, | ਸਿਆਣਪ |
| ਅਸਮਾਨ :- | ਅਕਾਸ਼ , | ਗਗਨ , | ਅੰਬਰ |
| ਅੱਖ :- | ਨੇਤਰ , | ਨੈਣ, | ਲੋਚਨ |
| ਅੱਡ :- | ਵੱਖ , | ਅਲੱਗ , | ਜੁਦਾ |
| ਅੰਤਰ :- | ਫ਼ਰਕ | ਭੇਦ, | ਫ਼ਾਸਲਾ |
| ਅਨਾਥ :- | ਯਤੀਨ , | ਬੇਸਹਾਰਾ , | ਲਾਵਾਰਸ |
| ਅਮਨ :- | ਸ਼ਾਂਤੀ , | ਚੈਨ, | ਟਿਕਾਅ |
| ਅਮੀਰ :- | ਧਨਵਾਨ , | ਧਨਾਢ , | ਦੌਲਤਮੰਦ |

| | | | |
|---|---|---|---|
| ਅਰਥ :- | ਭਾਵ, | ਮਤਲਬ, | ਮਾਅਨਾ |
| ਅਰੰਭ :- | ਆਦਿ, | ਸ਼ੁਰੂ , | ਮੁੱਢ |
| ਅਲੌਕਿਕ :- | ਅਨੋਖਾ, | ਅਨੂਠਾ, | ਅਦਭੁੱਤ |
| ਆਜ਼ਾਦੀ :- | ਸੁਤੰਤਰਤਾ , | ਮੁਕਤੀ, | ਰਿਹਾਈ |
| ਆਥਣ :- | ਸ਼ਾਮ, | ਸੰਝ, | ਤਕਾਲ਼ਾ |
| ਔਖ :- | ਬਿਪਤਾ | ਕਠਨਾਈ, | ਦੁੱਖ |
| ਇਸਤਰੀ :- | ਔਰਤ , | ਜ਼ਨਾਨੀ , | ਨਾਰੀ |
| ਇਕਰਾਰ :- | ਕੌਲ , | ਵਚਨ , | ਪ੍ਰਣ |
| ਇੱਛਾ :- | ਤਾਂਘ, | ਉਮੰਗ , | ਉਤਸ਼ਾਹ |
| ਇਨਸਾਨ :- | ਆਦਮੀ , | ਮਨੁੱਖ , | ਬੰਦਾ |

ਤਿਆਰ ਕਰਤਾ- ਸ਼ੈਲਜਾ ਕੁਮਾਰੀ ਪੰਜਾਬੀ ਮਿਸਟ੍ਰੈੱਸ
ਸਰਕਾਰੀ ਹਾਈ ਸਕੂਲ ਸਾਹੋਵਾਲ (ਜ਼ਿਲ੍ਹਾ ਗੁਰਦਾਸਪੁਰ )